ਗੁਰਸ਼ਰਨ ਸਿੰਘ

# ਭ੍ਰਿਸ਼ਟਾਚਾਰ ਅਤੇ ਅਵਾਮੀ ਜਥੇਬੰਦੀਆਂ

ਬਾਹਰਲੇ ਦੇਸ਼ਾਂ ਵਿਚ ਜਾਈਏ ਜਾਂ ਆਪਣੇ ਦੇਸ਼ ਵਿਚ ਵੀ ਆਮ ਗੱਲਬਾਤ ਵਿਚ ਇਹ ਟਿੱਪਣੀ ਹੁੰਦੀ ਹੈ ਕਿ ਭਾਰਤ ਦੇ ਲੋਕ ਬੜੇ ਚੋਰ ਹਨ, ਬੇਈਮਾਨ ਹਨ, ਭ੍ਰਿਸ਼ਟਾਚਾਰ ਜੜ੍ਹਾਂ ਤੱਕ ਫੈਲਿਆ ਹੋਇਆ ਹੈ, ਭਾਰਤੀਆਂ ਦੀਆਂ ਰਗਾਂ ਵਿਚ ਬੇਈਮਾਨੀ ਹੈ। ਇਸ ਟਿੱਪਣੀ ਦਾ ਆਧਾਰ ਹੈ ਕਿ ਭਾਰਤ ਦੀਆਂ ਅਖਬਾਰਾਂ ਵੱਡੇ ਲੋਕਾਂ ਦੇ ਭ੍ਰਿਸ਼ਟਾਚਾਰ, ਜਿਸ ਵਿਚ ਸਾਡਾ ਪ੍ਰਧਾਨ ਮੰਤਰੀ ਵੀ ਸ਼ਾਮਲ ਹੈ, ਨਾਲ ਭਰੀਆਂ ਹੋਈਆਂ ਹਨ। ਸਰਕਾਰੀ ਮੁਲਜ਼ਮਾਂ ਦਾ ਨਾਂ ਵੀ ਇਸ ਅਮਲ ਨਾਲ ਜੁੜਦਾ ਹੈ। ਪੰਜਾਬ ਅਸੈਂਬਲੀ ਦੇ ਹੁਣੇ-ਹੁਣੇ ਹੋਏ ਅਜਲਾਸ ਵਿਚ ਵੀ ਭ੍ਰਿਸ਼ਟਾਚਾਰ ਦਾ ਜ਼ਿਕਰ ਹੀ ਪ੍ਰਧਾਨ ਰਿਹਾ ਹੈ। ਇਸ ਪ੍ਰਸੰਗ ਵਿਚ ਇਸ ਗੱਲ ਦਾ ਖੰਡਨ ਕਰਨਾ ਜ਼ਰੂਰੀ ਹੈ ਕਿ ਭਾਰਤ ਦੇ ਲੋਕ ਵੱਡੇ ਪੈਮਾਨੇ ਤੇ ਭ੍ਰਿਸ਼ਟ ਹਨ।

ਸਧਾਰਨ ਲੋਕਾਂ ਤੋਂ ਸ਼ੁਰੂ ਕਰੀਏ ਤਾਂ ਸਾਡੀ ਕੁਲ ਆਬਾਦੀ 50 ਫੀਸਦੀ ਔਰਤਾਂ ਹਨ, ਉਹਨਾਂ ਵਿਚੋਂ ਅੱਗੇ 48 ਫੀਸਦੀ ਘਰੇਲੂ ਔਰਤਾਂ ਹਨ। ਉਹ ਸਵੇਰੇ ਤੋਂ ਲੈ ਕੇ ਦੇਰ ਰਾਤ ਤੱਕ ਘਰ ਸਾਂਭਣ ਦੇ ਆਹਰ ਵਿਚ ਲੱਗੀਆਂ ਰਹਿੰਦੀਆਂ ਹਨ। ਉਹ ਕਾਹਦਾ ਭ੍ਰਿਸ਼ਟਾਚਾਰ ਕਰਦੀਆਂ ਹਨ? ਕਿਸਾਨ ਹਨ, ਖੇਤ ਮਜ਼ਦੂਰ ਹਨ, ਦਿਹਾੜੀਦਾਰ ਮਜ਼ਦੂਰ ਹਨ, ਰਿਕਸ਼ਾ ਵਾਲੇ ਹਨ, ਰੇੜ੍ਹੀਆਂ ਵਾਲੇ ਹਨ, ਉਹ ਕਾਹਦਾ ਭ੍ਰਿਸ਼ਟਾਚਾਰ ਕਰਦੇ ਹਨ? ਇਸ ਤਰ੍ਹਾਂ ਜਮਾਂ ਕਰਦੇ ਜਾਈਏ ਤਾਂ 100 ਵਿਚੋਂ 95 ਲੋਕ ਉਹ ਹਨ, ਜੋ ਕਿਸੇ ਵੀ ਕਿਸਮ ਦੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਨਹੀਂ। ਸਿਰਫ 5 ਲੋਕ ਹਨ, ਜੋ ਭ੍ਰਿਸ਼ਟਾਚਾਰ ਦੇ ਭਾਗੀ ਹਨ ਤੇ ਇਹਨਾਂ ਨੇ ਹੀ ਸਾਰੀ ਕੌਮ ਨੂੰ ਬਦਨਾਮ ਕੀਤਾ ਹੋਇਆ ਹੈ। ਸਵਾਲ ਉਠਦਾ ਹੈ ਕਿ 95 ਲੋਕਾਂ ਦਾ ਫੇਰ ਕੀ ਕਸੂਰ ਹੈ? ਜਵਾਬ ਹੈ ਕਿ ਕਸੂਰ ਇਹ ਹੈ ਕਿ ਉਨ੍ਹਾਂ ਨੇ 5 ਲੋਕਾਂ ਨੂੰ ਨੱਥ ਪਾਉਣ ਦਾ ਕੋਈ ਜਥੇਬੰਦਕ ਉਪਰਾਲਾ ਨਹੀਂ ਕੀਤਾ। ਕਾ. ਸਤਪਾਲ ਡਾਂਗ ਹੋਰਾਂ ਦੇ ਵੱਖ-ਵੱਖ ਅਖਬਾਰਾਂ ਵਿਚ ਆਏ ਲੇਖ, ਇਸ ਗੱਲ ਵੱਲ ਉਂਗਲਾਂ ਕਰਦੇ ਹਨ।

ਸਾਡਾ ਸਾਰਾ ਆਸਰਾ ਹੁਣ ਅਦਾਲਤਾਂ 'ਤੇ ਹੀ ਰਹਿ ਗਿਆ ਹੈ ਕਿ ਉਹ ਭ੍ਰਿਸ਼ਟ ਬੰਦਿਆਂ ਨੂੰ ਕਟਿਹਰੇ ਵਿਚ ਖੜ੍ਹਾ ਕਰਨਗੀਆਂ ਜਾਂ ਸਭ ਕੁੱਝ ਸੀ.ਬੀ.ਆਈ. ਉੱਤੇ ਹੀ ਨਿਰਭਰ ਹੈ। ਇਹ ਆਸਰਾ ਗਲਤ ਰੁਝਾਣ ਹੈ। ਅਸੀਂ ਦੇਖੀਏ ਤਾਂ ਹਰ ਵਰਗ ਦੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਹਨ। ਟੀਚਰਾਂ ਦੀਆਂ ਹਨ, ਰੇਲ, ਬੈਂਕ, ਰੋਡਵੇਜ਼,ਟੈਲੀਫੋਨ, ਬਿਜਲੀ ਕਾਮਿਆਂ ਦੀਆਂ ਹਨ, ਇਨ੍ਹਾਂ ਬਹੁਤ ਸਾਰੀਆਂ ਯੂਨੀਅਨਾਂ ਵਿਚ ਖੱਬੇ-ਪੱਖੀ ਅਨਸਰ ਹਾਵੀ ਹੈ। ਇਹ ਭ੍ਰਿਸ਼ਟਾਚਾਰ ਨੂੰ ਇਕ ਮੁੱਦਾ ਬਣਾਕੇ ਕਿਉਂ ਸਰਗਰਮ ਨਹੀਂ ਹੁੰਦੀਆਂ? ਅਸੈਂਬਲੀ ਸੈਸ਼ਨ ਸ਼ੁਰੂ ਹੋਣ ਵੇਲੇ ਬਹੁਤ ਸਾਰੀਆਂ ਮੁਲਾਜ਼ਮ ਜਥੇਬੰਦੀਆਂ ਵੱਲੋਂ ਵਿਖਾਵੇ ਹੋਏ ਹਨ। ਮੁਲਾਜ਼ਮਾਂ ਨੇ ਜਾਇਜ਼ ਤੌਰ 'ਤੇ ਆਪਣੀਆਂ ਮੰਗਾਂ ਬਾਰੇ ਆਵਾਜ਼ ਉੱਚੀ ਕੀਤੀ ਹੈ। ਪਰ ਵੇਖਣ ਵਿਚ ਇਹ ਵੀ ਗੱਲ ਆਈ ਹੈ ਕਿ ਭ੍ਰਿਸ਼ਟਾਚਾਰ ਦੇ ਮੁੱਦੇ ਤੇ ਇਨ੍ਹਾਂ ਵਿਚ ਇਕ ਵੀ ਨਾਅਰਾ ਨਹੀਂ ਸੀ। ਇਹਦਾ ਇਕ ਕਾਰਨ ਹੈ ਕਿ ਬਹੁਤ ਸਾਰੇ ਮੁਲਾਜ਼ਮ ਆਗੂਆਂ ਦਾ ਸਾਫ ਸੁਥਰਾ ਹੋਣ ਦਾ ਪ੍ਰਭਾਵ ਨਹੀਂ। ਮੁਲਾਜ਼ਮ ਜਥੇਬੰਦੀਆਂ ਨੂੰ ਇਹ ਗਰੰਟੀ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦੇ ਆਗੂ ਉਹੀ ਹੋਣ ਜੋ ਸੱਚੇ-ਸੁੱਚੇ ਇਨਸਾਨ ਹੋਣ। ਕਿਸੇ ਕਿਸਮ ਦੇ ਭ੍ਰਿਸ਼ਟ ਅਮਲ ਦੇ ਉਹ ਦਾਗੀ ਨਾ ਹੋਣ, ਇਹ ਫੋਕਾ ਆਦਰਸ਼ਵਾਦ ਨਹੀਂ, ਇਹ ਸਮੇਂ ਦੀ ਵੱਡੀ ਲੋੜ ਹੈ। ਭ੍ਰਿਸ਼ਟਾਚਾਰ ਦੇ ਵਿਰੁੱਧ ਅਵਾਮੀ ਅੰਦੋਲਨ ਹੁਣ ਭਾਰਤ ਦੇ ਲੋਕਾਂ ਲਈ ਮੁੱਖ ਏਜੰਡਾ ਹੈ। ਸੁਖਰਾਮ, ਬੂਟਾ ਸਿੰਘ, ਜਾਖੜ ਆਦਿਕ ਜੋ ਕਰੋੜਾਂ, ਅਰਬਾਂ, ਖਰਬਾਂ ਰੁਪਏ ਖਾ ਜਾਣਗੇ ਤਾਂ ਲੋਕ ਭਲਾਈ ਦੀ ਕਿਸੇ ਸਕੀਮ ਲਈ ਪੈਸਾ ਕਿਥੋਂ ਆਵੇਗਾ? ਆਪਣੇ ਦਾਮਨ ਸਾਫ ਰੱਖਕੇ ਦਾਗੀ ਦਾਮਨ ਵਾਲੇ ਲੋਕਾਂ ਦਾ ਜੀਵਨ ਹਰਾਮ ਕਰਨਾ ਇਹ ਇਕ ਬੁਨਿਆਦੀ ਲੋੜ ਹੈ। ਕਾ: ਸਤਪਾਲ ਡਾਂਗ ਜਦੋਂ ਕਹਿੰਦੇ ਹਨ ਕਿ ਨਿਆਂ ਪਾਲਕਾ ਦੇ ਨਾਲ-ਨਾਲ ਅਵਾਮੀ ਅੰਦੋਲਨ ਵੀ ਜ਼ਰੂਰੀ ਹਨ ਤੇ ਇਹ ਇਕ ਬਹੁਤ ਹੀ ਬੁਨਿਆਦੀ ਦਿਸ਼ਾ ਦੇਣ ਵਾਲੀ ਗੱਲ ਹੈ। ਇਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

**ਦੂਜੀਆਂ ਕੌਮਾਂ ਦੇ ਬੱਚੇ ਵੀ ਬੱਚੇ ਹੁੰਦੇ ਹਨ।**

ਦਲਬੀਰ ਸਿੰਘ ਸਾਡਾ ਉਹ ਕਾਲਮ ਨਵੀਸ ਹੈ, ਜਿਸਦੇ ਅਖਬਾਰਾਂ ਵਿਚ ਹਫਤੇਵਾਰੀ ਕਾਲਮ ਕਈ ਵਾਰ ਬਹੁਤ ਵੱਡੀ ਗੱਲ ਕਹਿ ਜਾਂਦੇ ਹਨ। ਨਵਾਂ ਜ਼ਮਾਨਾ (15 ਸਤੰਬਰ 1996) ਉਹਦਾ ਹਲਚਲ ਕਾਲਮ ਸਾਡਾ ਧਿਆਨ ਖਿੱਚਦਾ ਹੈ।.........'ਖਤਮ ਹੋ ਚੁੱਕੇ ਸੋਵੀਅਤ ਯੂਨੀਅਨ ਵੱਲੋਂ ਆਪਣੀਆਂ ਬਹੁਤ ਸਾਰੀਆਂ ਮਿਸਾਇਲਾਂ ਉਖਾੜ ਕੇ ਨਸ਼ਟ ਕਰਨ ਦਾ ਕੰਮ ਮੁਕੰਮਲ ਕਰਨ ਮਗਰੋਂ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਕਿਹਾ ਸੀ ਕਿ ਇਸ ਵੇਲੇ ਅਮਰੀਕਾ ਦੇ ਬੱਚਿਆਂ ਉੱਤੇ ਕੋਈ ਵੀ ਰੂਸੀ ਮਿਸਾਇਲ ਸੇਧਤ ਨਹੀਂ ਹੈ। ਕਾਲਮ ਨਵੀਸ ਸਵਾਲ ਕਰਦਾ ਹੈ, ਜੇਕਰ ਕਿਸੇ ਹੋਰ ਦੇਸ਼ ਦੀ ਮਿਸਾਇਲ ਦਾ ਅਮਰੀਕਾ ਦੇ ਬੱਚਿਆਂ ਨਾਲ ਨਾ-ਸੇਧਤ ਹੋਣਾ ਇਕ ਖੁਸ਼ੀ ਦੀ ਗੱਲ ਹੈ ਤਾਂ ਅਮਰੀਕਾ ਦੀਆਂ ਮਿਸਾਇਲਾਂ ਜੇਕਰ ਇਰਾਕ ਦੇ ਸਕੂਲਾਂ ਦੇ ਬੱਚਿਆਂ ਉੱਤੇ ਸੇਧਤ ਹੁੰਦੀਆਂ ਹਨ ਤਾਂ ਕੀ ਅਮਰੀਕਾ ਦੁਨੀਆ ਦੇ ਲੋਕਾਂ ਨੂੰ ਜਵਾਬ ਦੇਹ ਨਹੀਂ? ਕੀ ਸੱਦਾਮ ਹੁਸੈਨ ਨੂੰ ਸਬਕ ਸਿਖਾਉਣ ਲਈ ਇਰਾਕ ਦੇ ਬੱਚੇ ਮਾਰਨੇ ਜ਼ਰੂਰੀ ਹਨ? ਇਹ ਸਵਾਲ ਆਪਣੇ ਆਪ ਵਿਚ ਇਕ ਨੈਤਿਕਤਾ ਦੀ ਚਰਚਾ ਕਰਦਾ ਹੈ। ਇਹ ਕਾਲਮ ਨਵੀਸੀ ਦੀ ਇਕ ਬੇਹਤਰੀਨ ਮਿਸਾਲ ਹੈ। ਪੰਜਾਬੀ ਪੱਤਰਕਾਰੀ ਇਹੋ ਜਿਹੀਆਂ ਲਿਖਤਾਂ ਨਾਲ ਅਮੀਰ ਹੁੰਦੀ ਹੈ।